ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਮੁੰਬਈ ਵਿਚ ਮੁਸਲਮਾਨ ਔਰਤਾਂ ਦੀ ਕਾਨਫਰੰਸ

ਸਾਡੇ ਦੇਸ਼ ਵਿਚ ਹੁਣ ਤਕਰੀਬਨ 100 ਕਰੋੜ ਦੀ ਕੁੱਲ ਆਬਾਦੀ ਵਿਚੋਂ 19 ਕਰੋੜ ਆਬਾਦੀ ਮੁਸਲਮਾਨਾਂ ਦੀ ਹੈ। ਜੇ ਅੰਕੜਿਆਂ ਨੂੰ ਆਧਾਰ ਬਣਾਈਏ ਤਾਂ 1000 ਮਰਦਾਂ ਪਿੱਛੇ 900 ਔਰਤਾਂ ਹਨ ਤਾਂ ਦੇਸ਼ ਵਿਚ ਮੁਸਲਮਾਨ ਔਰਤਾਂ ਕੋਈ 9 ਕਰੋੜ ਦੇ ਕਰੀਬ ਹਨ। ਯਾਨੀ ਦੇਸ਼ ਦੀ ਕੁੱਲ ਆਬਾਦੀ ਦਾ 11ਵਾਂ ਹਿੱਸਾ ਇਹਨਾਂ ਔਰਤਾਂ ਦਾ ਹੈ। ਉਂਝ ਤਾਂ ਭਾਰਤੀ ਸਮਾਜ ਵਿਚ ਮਰਦਾਂ ਦੇ ਮੁਕਾਬਲੇ ਔਰਤਾਂ ਦਾ ਦਰਜਾ ਬਰਾਬਰ ਦਾ ਨਹੀਂ, ਪਰ ਜਿਥੋਂ ਤੱਕ ਮੁਸਲਮਾਨ ਔਰਤਾਂ ਦਾ ਸਮਾਜਿਕ ਜੀਵਨ ਹੈ, ਇਹ ਹੋਰਨਾਂ ਤੋਂ ਵੱਧ ਔਰਤ ਦੁਸ਼ਮਣ ਹੈ। ਉਹਨਾਂ ਦੀ ਜ਼ਿੰਦਗੀ ਵਿਚ ਜਦੋਂ ਵੀ ਕੋਈ ਸੁਧਾਰ ਕਰਨ ਦਾ ਯਤਨ ਕੀਤਾ ਗਿਆ ਤੇ ਉਸੇ ਵੇਲੇ ਵਾਵ-ਵੇਲਾ ਖੜ੍ਹਾ ਹੋ ਗਿਆ ਕਿ ਘੱਟ ਗਿਣਤੀ ਦੇ ਲੋਕਾਂ ਦੀ ਸਮਾਜਿਕ ਅਤੇ ਸਭਿਆਚਾਰਕ ਜ਼ਿੰਦਗੀ ਵਿਚ ਦਖ਼ਲਅੰਦਾਜ਼ੀ ਕਰਨੀ ਭਾਰਤ ਦੇ ਵਿਧਾਨ ਵਿਚ ਦਿੱਤੀ ਗਈ ਉਸ ਗਾਰੰਟੀ ਦੇ ਵਿਰੁੱਧ ਹੈ ਜੋ ਘੱਟ ਗਿਣਤੀ ਦੇ ਲੋਕਾਂ ਨੂੰ ਦਿੱਤੀ ਗਈ ਹੈ ਕਿ ਉਹਨਾਂ ਦੀ ਸਮਾਜਿਕ ਅਤੇ ਸਭਿਆਚਾਰਕ ਜ਼ਿੰਦਗੀ ਵਿਚ ਦਖ਼ਲਅੰਦਾਜ਼ੀ ਨਹੀਂ ਕੀਤੀ ਜਾਵੇਗੀ।

ਮਿਸਾਲ ਦੇ ਤੌਰ 'ਤੇ ਹਾਲੀ ਵੀ ਇਸ ਦੇਸ਼ ਵਿਚ ਕਾਨੂੰਨ ਹੈ ਕਿ ਮੁਸਲਮਾਨ ਮਰਦ ਤਲਾਕ, ਤਲਾਕ, ਤਲਾਕ (ਤਿੰਨ ਵਾਰੀ ਤਲਾਕ) ਕਹਿ ਕੇ ਔਰਤ ਨੂੰ ਕਦੀ ਵੀ ਤਲਾਕ ਦੇ ਸਕਦਾ ਹੈ। ਇਸੇ ਤਰ੍ਹਾਂ ਜਬਰੀ ਬੁਰਕਾ ਪਾਉਣ ਦਾ ਹੁਕਮ ਵੀ ਚਾੜ੍ਹ ਸਕਦਾ ਹੈ। ਦੇਸ਼ ਦੀ ਕੁੱਲ ਆਬਾਦੀ ਦਾ ਯਾਰਵਾਂ ਹਿੱਸਾ ਜੇਕਰ ਔਰਤ ਦੁਸ਼ਮਣ ਜਾਬਰ ਕਿਸਮ ਦੇ ਕਾਨੂੰਨ ਥੱਲੇ ਜੀਣ 'ਤੇ ਮਜਬੂਰ ਹੋਵੇ, ਤਾਂ ਇਹ ਸਮੁੱਚੇ ਸਮਾਜ ਲਈ ਤ੍ਰਾਸਦੀ ਹੈ। ਉਂਝ ਤਾਂ ਸਾਰੀ ਔਰਤਾਂ ਦੀ ਲਹਿਰ ਦਾ ਇਹ ਫ਼ਰਜ਼ ਬਣਦਾ ਹੈ ਕਿ ਆਪਣੀਆਂ ਮੁਸਲਮਾਨ ਭੈਣਾਂ ਦੇ ਹੱਕ ਵਿਚ ਖਲੋਣ ਪਰ ਇਸ ਤੋਂ ਚੰਗੀ ਗੱਲ ਇਹ ਹੋ ਸਕਦੀ ਹੈ ਕਿ ਮੁਸਲਮਾਨ ਔਰਤਾਂ ਆਪਣੇ ਹੱਕ ਲਈ ਆਪ ਖਲੋਣ। ਇਹ ਚੰਗੀ ਗੱਲ ਹੋਈ ਹੈ ਕਿ ਮੁੰਬਈ (ਬੰਬਈ) ਵਿਚ ਜੂਨ ਦੇ ਪਹਿਲੇ ਹਫ਼ਤੇ ਮੁਸਲਮਾਨ ਔਰਤਾਂ ਦੀ ਇਕ ਤਿੰਨ ਰੋਜ਼ਾ ਕਾਨਫਰੰਸ ਹੋਈ ਹੈ। ਆਵਾਜ਼-ਨਿਸਵਾਂ (ਔਰਤਾਂ ਦੀ ਆਵਾਜ਼) ਸੰਸਥਾ ਨੇ ਇਹ ਕਾਨਫਰੰਸ ਬੁਲਾਈ ਅਤੇ ਇਹ ਆਵਾਜ਼ ਉੱਚੀ ਕੀਤੀ ਕਿ ਮੁਸਲਿਮ ਪਰਸਨਲ ਲਾਅ ਵਿਚ ਤਰਮੀਮਾਂ ਕੀਤੀਆਂ ਜਾਣ ਅਤੇ ਉਸ ਪਰਸਨਲ ਲਾਅ ਨੂੰ ਆਧੁਨਿਕ ਸਮੇਂ ਦੀਆਂ ਲੋੜਾਂ ਅਨੁਸਾਰ ਢਾਲਿਆ ਜਾਏ। ਉਹਨਾਂ ਦਾ ਕਹਿਣਾ ਹੈ ਕਿ ਔਰਤ ਦੇ ਵਿਰੁੱਧ ਜਾਂਦੇ ਕਾਨੂੰਨ ਵਿਚ ਤਬਦੀਲੀ ਘੱਟ ਗਿਣਤੀ ਦੇ ਲੋਕਾਂ ਦੀ ਜ਼ਿੰਦਗੀ ਵਿਚ ਦਖ਼ਲ-ਅੰਦਾਜ਼ੀ ਨਹੀਂ ਹੋਵੇਗੀ। ਇਹ ਵੀ ਨੋਟ ਕੀਤਾ ਗਿਆ ਕਿ ਬਹੁਤ ਕੁਝ ਜੋ ਹਿੰਦੋਸਤਾਨ ਦੇ ਸਮਾਜ ਵਿਚ ਗਲਤ ਹੋ ਰਿਹਾ ਹੈ, ਖ਼ਾਸ ਕਰਕੇ ਜਿਸਦਾ ਸਬੰਧ ਔਰਤਾਂ ਨਾਲ ਹੈ, ਉਹ ਧਰਮ ਤੇ ਮਜ਼ਹਬ ਨਾਲ ਜੁੜਦਾ ਹੈ। ਕੋਈ ਵੀ ਸੁਧਾਰ ਜਾਂ ਤਬਦੀਲੀ ਕਰਨ ਲਈ ਸੋਚਿਆ ਜਾਵੇ ਤਾਂ ਧਾਰਮਕ ਸੰਸਥਾਵਾਂ ਰੁਕਾਵਟ ਬਣ ਜਾਂਦੀਆਂ ਹਨ। ਮਿਸਾਲ ਦੇ ਤੌਰ 'ਤੇ ਸਕੂਟਰ 'ਤੇ ਬੈਠਣ ਵਾਲੀਆਂ ਔਰਤਾਂ ਨੂੰ ਬਚਾਅ ਲਈ ਜੇਕਰ ਇਹ 'ਸਿਰ ਬਚਾਅ ਸਾਧਨ' ਵਰਤਣ ਲਈ ਆਖਿਆ ਜਾਏ ਤਾਂ ਝੱਟ ਰੋਸ ਹੋ ਜਾਂਦਾ ਹੈ ਕਿ ਸਿੱਖ ਧਰਮ ਵਿਚ ਟੋਪ ਪਾਉਣਾ ਮਨ੍ਹਾ ਹੈ। ਜੇ ਟੋਪ ਮਨ੍ਹਾ ਹੈ ਤਾਂ ਬਚਾਅ ਸਾਧਨ ਹੋਰ ਡਿਜ਼ਾਈਨ ਦਾ ਹੋ ਸਕਦਾ ਹੈ ਪਰ ਇਸ ਸਾਰੇ ਮਾਮਲੇ ਨੂੰ ਖਾਹਮ-ਖਾਹ ਧਰਮ ਨਾਲ ਜੋੜਨਾ ਕੋਈ ਸਿਆਣਪ ਨਹੀਂ। ਇਸੇ ਤਰ੍ਹਾਂ ਆਧੁਨਿਕ ਮੰਗ ਦੇ ਅਨੁਸਾਰ ਕਿਸੇ ਵੀ ਕਾਨੂੰਨ ਦੀ ਤਰਮੀਮ ਧਰਮ ਜਾਂ ਮਜ਼ਹਬ ਨਾਲ ਨਹੀਂ ਜੁੜਨੀ ਚਾਹੀਦੀ। ਮੁਸਲਮਾਨ ਔਰਤਾਂ ਵਾਸਤੇ ਤਲਾਕ, ਤਲਾਕ, ਤਲਾਕ ਦਾ ਕਾਨੂੰਨ ਔਰਤਾਂ ਲਈ ਬਰਾਬਰੀ ਦੇ ਆਧੁਨਿਕ ਸੰਕਲਪ ਦੇ ਵਿਰੁੱਧ ਹੈ, ਇਸ ਲਈ ਇਸ ਕਾਨੂੰਨ ਨੂੰ ਖ਼ਤਮ ਕਰਨਾ ਜ਼ਰੂਰੀ ਹੈ। ਮਜ਼ਹਬੀ ਜਨੂੰਨੀਆਂ ਵੱਲੋਂ ਇਸਦੀ ਵਿਰੋਧਤਾ ਵੀ ਨਜ਼ਰਅੰਦਾਜ਼ ਕਰਨੀ ਜ਼ਰੂਰੀ ਹੈ। ਸੰਸਾਰ ਦੀਆਂ ਔਰਤਾਂ ਦੀ ਲਹਿਰ ਨੇ ਵੀ ਇਹ ਗੱਲ ਨੋਟ ਕੀਤੀ ਹੈ ਕਿ ਧਾਰਮਿਕ ਅਕੀਦੇ ਔਰਤਾਂ ਦੇ ਹੱਕਾਂ ਵਿਰੁੱਧ ਸਭ ਤੋਂ ਵੱਧ ਵਰਤੇ ਜਾਂਦੇ ਹਨ। ਇਹਨਾਂ ਨੂੰ ਚੈਲਿੰਜ ਕਰਨਾ ਜ਼ਰੂਰੀ ਹੈ। ਇਹ ਇਕ ਚੰਗੀ ਗੱਲ ਹੈ ਕਿ ਮੁੰਬਈ ਦੀਆਂ ਮੁਸਲਮਾਨ ਜਾਗ੍ਰਿਤ ਔਰਤਾਂ ਨੇ ਔਰਤ ਵਿਰੋਧੀ ਕਾਨੂੰਨ ਜਿਹਨਾਂ ਨੂੰ ਮਜ਼ਹਬੀ ਅਕੀਦਿਆਂ ਤੋਂ ਸ਼ਹਿ ਮਿਲਦੀ ਹੈ, ਉਹਨਾਂ ਨੂੰ ਚੈਲਿੰਜ ਕੀਤਾ ਹੈ।

ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਹੱਕ ਸਮੇਂ ਦੀ ਆਵਾਜ਼ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਔਰਤਾਂ ਦੀ ਲਹਿਰ ਹੁਣ ਔਰਤ ਦੇ ਅਪਮਾਨ ਦੇ ਹਰ ਪੱਖ ਨੂੰ ਚੈਲਿੰਜ ਕਰ ਰਹੀ ਹੈ। ਇਹ ਲਹਿਰ ਮੰਗ ਕਰ ਰਹੀ ਹੈ ਕਿ ਮਾਂ, ਭੈਣ, ਧੀ ਦੀ ਹਾਲਤ ਨੂੰ ਇਕ ਵੱਡਾ ਕਾਨੂੰਨੀ ਜੁਰਮ ਕਰਾਰ ਦਿੱਤਾ ਜਾਏ। ਇਹ ਲਹਿਰ ਮੰਗ ਕਰ ਰਹੀ ਹੈ ਕਿ ਜਿਹਨਾਂ ਘਰਾਂ ਵਿਚ ਬੇਟੇ ਅਤੇ ਬੇਟੀ ਨਾਲ ਬਰਾਬਰ ਦਾ ਸਲੂਕ ਨਾ ਕੀਤਾ ਜਾਏ, ਉਹਨਾਂ ਮਾਂ-ਬਾਪ ਨੂੰ ਕਾਨੂੰਨ ਦਾ ਮੁਜਰਿਮ ਕਰਾਰ ਦਿੱਤਾ ਜਾਏ। ਇਸੇ ਤਰ੍ਹਾਂ ਧੀ ਨੂੰ ਗਰਭ ਵਿਚ ਹੀ ਖ਼ਤਮ ਕਰਨਾ ਕਤਲ ਵਰਗਾ ਜੁਰਮ ਮੰਨਿਆ ਜਾਏ।

ਅੱਜ ਇਮਤਿਹਾਨਾਂ ਦੇ ਨਤੀਜੇ ਸਾਬਤ ਕਰ ਰਹੇ ਹਨ ਕਿ ਸਾਡੀਆਂ ਬੇਟੀਆਂ ਹਰ ਖੇਤਰ ਵਿਚ ਅੱਗੇ ਵਧ ਰਹੀਆਂ ਹਨ। ਉਹਨਾਂ ਨੂੰ ਭਾਵੇਂ ਉਹ ਕਿਸੇ ਧਰਮ ਜਾਂ ਮਜ਼ਹਬ ਨਾਲ ਤੁੱਅਲਕ ਰੱਖਦੀਆਂ ਹਨ, ਉਹਨਾਂ ਦੇ ਹੱਕਾਂ ਤੋਂ ਵਾਂਝਿਆ ਰੱਖਣਾ ਸਮਾਜਿਕ ਤੌਰ 'ਤੇ ਵੱਡੀ ਗ਼ਲਤੀ ਹੈ। ਸਾਡੀਆਂ ਮੁਸਲਮਾਨ ਭੈਣਾਂ ਨੇ ਮੁੰਬਈ ਵਿਚ ਜੋ ਆਪਣੇ ਹੱਕ ਲਈ ਆਵਾਜ਼ ਉਠਾਈ ਹੈ, ਉਹ ਔਰਤਾਂ ਦੀ ਲਹਿਰ ਲਈ ਇਕ ਬਹੁਤ ਹੀ ਮਹੱਤਵਪੂਰਨ ਕਦਮ ਹੈ। ਸਾਡਾ ਇਸ ਆਵਾਜ਼ ਨੂੰ ਜੀ ਆਇਆਂ ਆਖਣਾ ਬਣਦਾ ਹੈ।